Royal College of Anaesthetists

# ਬੇਹੋਸ਼/ਸੁੰਨ ਕਰਨ ਵਾਲੀਆਂ ਦਵਾਈਆਂ – ਜੋਖਮ ਅਤੇ ਮਾੜੇ ਪ੍ਰਭਾਵ

# ਗਲੇ ਵਿੱਚ ਖਰਾਸ਼

## ਇਸ ਪਰਚੇ ਬਾਰੇ

ਇਹ ਪਰਚਾ **ਜਨਰਲ ਐਨੱਸਥੈਟਿਕ (ਬੇਹੋਸ਼ੀ ਦੀ ਦਵਾਈ) ਤੋਂ ਬਾਅਦ ਗਲੇ ਵਿੱਚ ਖਰਾਸ਼ ਹੋਣ ਬਾਰੇ ਹੈ।** ਇਹ ਇੱਕ ਮਾੜਾ ਪ੍ਰਭਾਵ ਹੈ ਜੋ ਤੁਹਾਨੂੰ ਉਦੋਂ ਮਹਿਸੂਸ ਹੋ ਸਕਦਾ ਹੈ ਜਦੋਂ ਤੁਹਾਨੂੰ ਆਮ ਐਨੱਸਥੈਟਿਕ (ਬੇਹੋਸ਼ ਕਰਨ ਵਾਲੀ ਦਵਾਈ) ਦਿੱਤੀ ਗਈ ਹੋਵੇ। ਇਹ ਇਸ ਬਾਰੇ ਦੱਸਦਾ ਹੈ ਕਿ ਗਲੇ ਵਿੱਚ ਖਰਾਸ਼ ਦੇ ਕੀ ਕਾਰਨ ਹਨ ਅਤੇ ਇਸਦੇ ਲਈ ਕੀ ਕੀਤਾ ਜਾ ਸਕਦਾ ਹੈ।

ਆਮ ਬੇਹੋਸ਼ ਕਰਨ ਵਾਲੀਆਂ ਦਵਾਈਆਂ ਉਹ ਦਵਾਈਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਗੂੜ੍ਹੀ-ਨੀਂਦ ਆਉਂਦੀ ਹੈ। ਇਹ ਕੁਝ ਆਪਰੇਸ਼ਨਾਂ ਅਤੇ ਪ੍ਰਕਿਰਿਆਵਾਂ ਲਈ ਜ਼ਰੂਰੀ ਹੁੰਦਾ ਹੈ। ਜਨਰਲ ਐਨੱਸਥੈਟਿਕ ਨੂੰ ਲੈ ਕੇ, ਤੁਸੀਂ ਬੇਹੋਸ਼ ਹੋ ਜਾਂਦੇ ਹੋ ਅਤੇ ਕੁਝ ਵੀ ਮਹਿਸੂਸ ਨਹੀਂ ਕਰਦੇ ਹੋ।

ਤੁਸੀਂ ਸਾਡੀ ਵੈੱਬਸਾਈਟ 'ਤੇ ਵੱਖ-ਵੱਖ ਕਿਸਮਾਂ ਦੀਆਂ ਸੁੰਨ ਜਾਂ ਬੇਹੋਸ਼ ਕਰਨ ਵਾਲੀਆਂ ਦਵਾਈਆਂ ਬਾਰੇ ਪੜ੍ਹ ਸਕਦੇ ਹੋ, ਜੋ ਕਿ ਇੱਥੇ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ: **www.rcoa.ac.uk/patientinfo/translations#languages**.


## ਇਸ ਨਾਲ ਕਿਸ ਤਰ੍ਹਾਂ ਦਾ ਮਹਿਸੂਸ ਹੁੰਦਾ ਹੈ?

- ਤੁਹਾਨੂੰ ਕੁਝ ਬੇਅਰਾਮੀ ਜਾਂ ਤੁਹਾਡੇ ਗਲੇ ਵਿੱਚ ਵਧੇਰੇ ਤੇਜ਼ ਦਰਦ ਹੋ ਸਕਦਾ ਹੈ।
- ਗਲੇ ਵਿੱਚ ਖਰਾਸ਼ ਆਮ ਤੌਰ 'ਤੇ 24-48 ਘੰਟਿਆਂ ਤੱਕ ਰਹਿੰਦੀ ਹੈ।
- ਤੁਹਾਡੀ ਆਵਾਜ਼ ਭਾਰੀ ਹੋ ਸਕਦੀ ਹੈ।
- ਤੁਹਾਡਾ ਗਲਾ ਬਹੁਤ ਸੁੱਕਾ ਮਹਿਸੂਸ ਹੋ ਸਕਦਾ ਹੈ।

## ਇਸ ਤਰ੍ਹਾਂ ਹੋਣ ਦੀ ਕਿੰਨੀ ਕੁ ਸੰਭਾਵਨਾ ਹੈ?

ਇਸਦੀ ਸੰਭਾਵਨਾ ਕਿੰਨੀ ਹੈ ਇਹ ਤੁਹਾਡੇ ਐਨੱਸਥੀਜ਼ੀਆ ਮਾਹਿਰ ਦੁਆਰਾ ਵਰਤੇ ਜਾਣ ਵਾਲੇ ਉਪਕਰਣ 'ਤੇ ਨਿਰਭਰ ਕਰਦਾ ਹੈ।

**ਹਰ 100 ਵਿਅਕਤੀਆਂ ਵਿੱਚੋਂ**



**20 ਤੋਂ 40 ਨੂੰ ਹੋਇਆ**

**60 ਤੋਂ 80 ਨੂੰ ਨਹੀਂ ਹੋਇਆ**

ਇਹ ਅੰਕੜੇ ਖੋਜ ਅਧਿਐਨਾਂ ਤੋਂ ਲਏ ਗਏ ਹਨ। ਤੁਸੀਂ ਸਾਡੇ ਅੰਕੜਿਆਂ ਦੇ ਸਰੋਤ ਸਾਡੀ ਵੈੱਬਸਾਈਟ 'ਤੇ ਦੇਖ ਸਕਦੇ ਹੋ: www.rcoa.ac.uk/patientinfo/risks/evidence।

## ਐਨੱਸਥੀਜ਼ੀਆ ਤੋਂ ਬਾਅਦ ਗਲੇ ਵਿੱਚ ਖਰਾਸ਼ ਦਾ ਕਾਰਨ ਕੀ ਹੈ?

ਬੇਹੋਸ਼ ਕਰਨ ਵਾਲੀਆਂ ਕੁਝ ਗੈਸਾਂ ਅਤੇ ਦਵਾਈਆਂ ਤੁਹਾਡੇ ਗਲੇ ਨੂੰ ਸੁਕਾ ਸਕਦੀਆਂ ਹਨ।

ਕੁਝ ਉਪਕਰਣ ਜੋ ਐਨੱਸਥੀਜ਼ੀਆ ਮਾਹਿਰ ਜਨਰਲ ਐਨੱਸਥੈਟਿਕ ਦੌਰਾਨ ਵਰਤਦੇ ਹਨ, ਤੁਹਾਡੇ ਗਲੇ ਵਿੱਚ ਜਲਣ ਪੈਦਾ ਕਰ ਸਕਦੇ ਹਨ।

ਜਨਰਲ ਐਨੱਸਥੈਟਿਕ ਦੇ ਦੌਰਾਨ, ਤੁਹਾਡੇ ਗਲੇ ਅਤੇ ਛਾਤੀ ਦੇ ਆਲੇ ਦੁਆਲੇ ਦੀਆਂ ਮਾਸਪੇਸ਼ੀਆਂ ਸਮੇਤ, ਤੁਹਾਡੇ ਸਰੀਰ ਦੀਆਂ ਮਾਸਪੇਸ਼ੀਆਂ ਢਿੱਲੀਆਂ ਪੈ ਜਾਂਦੀਆਂ ਹਨ। ਇਸ ਨਾਲ ਤੁਹਾਡੇ ਫੇਫੜਿਆਂ ਵਿੱਚ ਜਾਣ ਵਾਲੀ ਹਵਾ ਦੀ ਮਾਤਰਾ ਘੱਟ ਸਕਦੀ ਹੈ।

ਤੁਹਾਡੇ ਫੇਫੜਿਆਂ ਵਿੱਚ ਆਕਸੀਜਨ ਦੇ ਨਿਰੰਤਰ ਪ੍ਰਵਾਹ ਨੂੰ ਯਕੀਨੀ ਬਣਾਉਣ ਲਈ, ਐਨੱਸਥੀਜ਼ੀਆ ਮਾਹਿਰ ਤੁਹਾਡੀ ਸਾਹ ਨਾਲੀ ਨੂੰ ਖੁੱਲ੍ਹਾ ਰੱਖਣ ਲਈ ਤੁਹਾਡੇ ਗਲੇ ਵਿੱਚ ਇੱਕ ਸਾਹ ਲੈਣ ਵਾਲੀ ਟਿਊਬ ਲਗਾ ਸਕਦਾ ਹੈ। ਉਹ ਆਮ ਤੌਰ 'ਤੇ ਤੁਹਾਡੇ ਬੇਹੋਸ਼ ਹੋਣ ਤੋਂ ਬਾਅਦ ਅਜਿਹਾ ਕਰਦਾ ਹੈ।

ਤੁਹਾਡੇ ਬੇਹੋਸ਼ ਹੋਣ 'ਤੇ ਤੁਹਾਡਾ ਐਨੱਸਥੀਜ਼ੀਆ ਮਾਹਿਰ ਜੋ ਟਿਊਬਾਂ ਜਾਂ ਮਾਸਕ ਵਰਤਦਾ ਹੈ, ਉਹ ਤੁਹਾਡੇ ਗਲੇ ਵਿੱਚ ਖਰਾਸ਼ ਪੈਦਾ ਕਰ ਸਕਦੇ ਹਨ ਕਿਉਂਕਿ:

- ਜਦੋਂ ਇਹਨਾਂ ਨੂੰ ਅੰਦਰ ਪਾਇਆ ਜਾਂਦਾ ਹੈ ਜਾਂ ਬਾਹਰ ਕੱਢਿਆ ਜਾਂਦਾ ਹੈ ਤਾਂ ਇਹ ਤੁਹਾਡੇ ਗਲੇ ਵਿੱਚ ਜਲਣ ਪੈਦਾ ਕਰ ਸਕਦੇ ਹਨ
- ਕੁਝ ਫੁੱਲਣਯੋਗ ਹੁੰਦੇ ਹਨ ਅਤੇ ਜਦੋਂ ਉਹ ਫੁੱਲਦੇ ਹਨ ਤਾਂ ਤੁਹਾਡੇ ਗਲੇ 'ਤੇ ਦਬਾਅ ਪਾ ਸਕਦੇ ਹਨ। ਇਸ ਨਾਲ ਬੇਅਰਾਮੀ ਹੋ ਸਕਦੀ ਹੈ।

ਐਨੱਸਥੀਜ਼ੀਆ ਦੌਰਾਨ ਤੁਹਾਡੀ ਸਾਹ ਨਲੀ ਅਤੇ ਸਾਹ ਕਿਰਿਆ ਬਾਰੇ ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਮੌਜੂਦ ਹੈ ਜੋ ਕਿ ਇੱਥੇ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ: www.rcoa.ac.uk/patientinfo/translations#languages.

## ਕਿਸ ਚੀਜ਼ ਨਾਲ ਮਦਦ ਮਿਲ ਸਕਦੀ ਹੈ?

ਤੁਸੀਂ ਦਰਦ ਨਿਵਾਰਕ ਦਵਾਈਆਂ ਜਿਵੇਂ ਕਿ ਆਈਬਿਉਪ੍ਰੋਫ਼ੇਨ ਜਾਂ ਪੈਰਾਸੀਟਾਮੋਲ ਦੀ ਵਰਤੋਂ ਕਰ ਸਕਦੇ ਹੋ। ਤੁਹਾਨੂੰ ਆਪਣੇ GP ਜਾਂ ਫਾਰਮਾਸਿਸਟ ਤੋਂ ਪਤਾ ਕਰਨਾ ਚਾਹੀਦਾ ਹੈ ਕਿ ਤੁਹਾਡੇ ਲਈ ਕਿਹੜੀ ਦਰਦ ਨਿਵਾਰਕ ਦਵਾਈ ਸਭ ਤੋਂ ਵਧੀਆ ਹੈ। ਤੁਹਾਡਾ ਹਸਪਤਾਲ, ਤੁਹਾਡੇ ਘਰ ਜਾਣ ਤੋਂ ਪਹਿਲਾਂ ਵੀ ਤੁਹਾਨੂੰ ਦਰਦ ਦੀ ਦਵਾਈ ਦੇ ਸਕਦਾ ਹੈ।

## ਮਦਦ ਕਦੋਂ ਲੈਣੀ ਹੈ

- ਜੇਕਰ ਦਰਦ ਵਧ ਜਾਂਦਾ ਹੈ ਅਤੇ ਤੁਹਾਨੂੰ ਬੇਹੋਸ਼ੀ ਦੀ ਦਵਾਈ ਲੈਣ ਤੋਂ ਇੱਕ ਹਫ਼ਤੇ ਬਾਅਦ ਵੀ ਨਿਗਲਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਤੁਹਾਨੂੰ ਆਪਣੇ GP ਜਾਂ ਨਰਸ ਨੂੰ ਦਿਖਾਉਣਾ ਚਾਹੀਦਾ ਹੈ ਜਾਂ ਫਾਰਮੇਸੀ ਤੋਂ ਸਲਾਹ ਲੈਣੀ ਚਾਹੀਦੀ ਹੈ।
- ਜੇਕਰ, ਕਿਸੇ ਵੀ ਸਮੇਂ, ਤੁਹਾਨੂੰ ਸਾਹ ਲੈਣ ਵਿੱਚ ਕੋਈ ਮੁਸ਼ਕਲ ਆ ਰਹੀ ਹੈ ਜਾਂ ਖੰਘਦੇ ਹੋਏ ਖੂਨ ਆ ਰਿਹਾ ਹੈ, ਤਾਂ ਤੁਹਾਨੂੰ ਹੋਰ ਸਲਾਹ ਲਈ ਤੁਰੰਤ ਆਪਣੇ GP ਜਾਂ ਆਪਣੇ ਐਨੱਸਥੀਜ਼ੀਆ ਮਾਹਿਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਬੇਦਾਅਵਾ

ਅਸੀਂ ਇਸ ਪਰਚੇ ਵਿੱਚ ਦਿੱਤੀ ਜਾਣਕਾਰੀ ਨੂੰ ਸਹੀ ਅਤੇ ਅੱਪ-ਟੂ-ਡੇਟ ਰੱਖਣ ਦੀ ਬਹੁਤ ਕੋਸ਼ਿਸ਼ ਕਰਦੇ ਹਾਂ, ਪਰ ਅਸੀਂ ਇਸਦੀ ਗਾਰੰਟੀ ਨਹੀਂ ਦੇ ਸਕਦੇ। ਅਸੀਂ ਇਹ ਉਮੀਦ ਨਹੀਂ ਕਰਦੇ ਹਾਂ ਕਿ ਇਹ ਆਮ ਜਾਣਕਾਰੀ ਤੁਹਾਡੇ ਸਾਰੇ ਸਵਾਲਾਂ ਨੂੰ ਕਵਰ ਕਰੇਗੀ ਜਾਂ ਹਰ ਉਸ ਚੀਜ਼ ਨਾਲ ਨਜਿੱਠਣ ਲਈ ਪੂਰੀ ਹੋਵੇਗੀ ਜੋ ਤੁਹਾਡੇ ਲਈ ਮਹੱਤਵਪੂਰਨ ਹੋ ਸਕਦੀ ਹੈ। ਇੱਕ ਗਾਈਡ ਦੇ ਤੌਰ 'ਤੇ ਇਸ ਪਰਚੇ ਦੀ ਵਰਤੋਂ ਕਰਦੇ ਹੋਏ, ਤੁਹਾਨੂੰ ਆਪਣੀ ਮੈਡੀਕਲ ਟੀਮ ਨਾਲ ਆਪਣੀਆਂ ਚੋਣਾਂ ਅਤੇ ਕਿਸੇ ਵੀ ਚਿੰਤਾ ਬਾਰੇ ਚਰਚਾ ਕਰਨੀ ਚਾਹੀਦੀ ਹੈ ਆਪਣੇ ਆਪ ਹੀ ਇਸ ਪਰਚੇ ਨੂੰ ਸਲਾਹ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸਦੀ ਵਰਤੋਂ ਕਿਸੇ ਵਪਾਰ ਜਾਂ ਵਪਾਰਕ ਉਦੇਸ਼ ਲਈ ਨਹੀਂ ਕੀਤੀ ਜਾ ਸਕਦੀ। ਪੂਰਾ ਬੇਦਾਅਵਾ ਦੇਖਣ ਲਈ ਕਿਰਪਾ ਕਰਕੇ ਇਸ ਲਿੰਕ 'ਤੇ ਜਾਓ:
**www.rcoa.ac.uk/patient-information/translations/punjabi**

ਸਾਰੇ ਅਨੁਵਾਦ Translators without Borders ਦੇ ਅਨੁਵਾਦਕ ਭਾਈਚਾਰੇ ਵੱਲੋਂ ਪ੍ਰਦਾਨ ਕੀਤੇ ਜਾਂਦੇ ਹਨ। ਇਹਨਾਂ ਅਨੁਵਾਦਾਂ ਦੀ ਗੁਣਵੱਤਾ ਦੀ ਜਾਂਚ ਅਨੁਵਾਦਾਂ ਨੂੰ ਜਿੰਨਾ ਸੰਭਵ ਹੋ ਸਕੇ ਸਹੀ ਬਣਾਉਣ ਲਈ ਕੀਤੀ ਜਾਂਦੀ ਹੈ, ਪਰ ਕੁਝ ਜਾਣਕਾਰੀ ਦੀ ਗਲਤੀ ਅਤੇ ਗਲਤ ਵਿਆਖਿਆ ਦਾ ਜੋਖਮ ਹੁੰਦਾ ਹੈ।

# ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਇਸ ਪਰਚੇ ਨੂੰ ਹੋਰ ਬਿਹਤਰ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸਵਾਗਤ ਹੈ।

ਜੇ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਵਿਚਾਰ ਇਸ ‘ਤੇ ਈਮੇਲ ਕਰੋ:
patientinformation@rcoa.ac.uk

**Royal College of Anaesthetists**
Churchill House, 35 Red Lion Square, London WC1R 4SG

# www.rcoa.ac.uk

ਛੇਵਾਂ ਸੰਸਕਰਣ, ਨਵੰਬਰ 2024

ਪ੍ਰਕਾਸ਼ਨ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਅੰਦਰ ਇਸ ਪਰਚੇ ਦੀ ਸਮੀਖਿਆ ਕੀਤੀ ਜਾਵੇਗੀ।

**© 2024 Royal College of Anaesthetists**
ਇਸ ਪਰਚੇ ਦੀ ਨਕਲ ਮਰੀਜ਼ਾਂ ਲਈ ਜਾਣਕਾਰੀ ਸਮੱਗਰੀ ਤਿਆਰ ਕਰਨ ਦੇ ਉਦੇਸ਼ ਲਈ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਇਸ ਮੂਲ ਸਰੋਤ ਦਾ ਹਵਾਲਾ ਦਿਓ। ਜੇਕਰ ਤੁਸੀਂ ਇਸ ਪਰਚੇ ਦਾ ਹਿੱਸਾ ਕਿਸੇ ਹੋਰ ਪ੍ਰਕਾਸ਼ਨ ਵਿੱਚ ਵਰਤਣਾ ਚਾਹੁੰਦੇ ਹੋ, ਤਾਂ ਢੁਕਵਾਂ ਧੰਨਵਾਦ ਪ੍ਰਗਟਾਉਣਾ ਜ਼ਰੂਰੀ ਹੈ ਅਤੇ ਲੋਗੋ, ਬ੍ਰਾਂਡਿੰਗ, ਚਿੱਤਰ ਅਤੇ ਆਈਕਨਾਂ ਨੂੰ ਜ਼ਰੂਰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।